## ਮਿਤੀ 10-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:239<br>ਮਿਤੀ:10-12-22<br>ਜੁਰਮ:323,341,427, 506,148,149,<br>ਆਈ.ਪੀ.ਸੀ<br>ਥਾਣਾ ਫੇਸ-1 | ਮੁੰਨਾ ਯਾਦਵ ਪੁੱਤਰ ਲੱਲਨ ਯਾਦਵ ਵਾਸੀ ਮਕਾਨ ਨੰ:1038, ਆਦਰਸ਼ ਕਲੋਨੀ, ਬਲੌਂਗੀ<br>ਉਮਰ 37 ਸਾਲ<br>98883-73518 | 1) ਅਭਿਸ਼ੇਕ ਕੁਮਾਰ ਪੁੱਤਰ ਨਰਿੰਦਰ ਪ੍ਰਸ਼ਾਦ<br>2) ਦੀਪਕ ਉਰਫ ਮਾਸ ਪੁੱਤਰ ਸੁਰਿੰਦਰ ਪਾਸਵਾਨ<br>3) ਸੰਜੀਵ ਵਾਸੀਆਨ ਅੰਬੇਦਕਰ ਕਲੋਨੀ, ਬਲੌਂਗੀ<br>4) ਬਾਦਲ ਪੁੱਤਰ ਅਮਰ ਨਾਥ<br>5) ਰਾਜਨ ਵਾਸੀਆਨ ਸ਼ਹੀਦ ਉਧਮ ਸਿੰਘ ਕਲਨੀ, ਇੰਡ: ਏਰੀਆ, ਫੇਸ-7, ਮੋਹਾਲੀ<br>6) 5-6, ਹੋਰ ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਬਤੌਰ ਫਿਟਰ ਕੁਆਰਕ ਸਿਟੀ, ਫੇਸ-8ਬੀ, ਮੋਹਾਲੀ ਵਿਖੇ ਕੰਮ ਕਰਦਾ ਹਾਂ। ਮੇਰਾ ਇਕ ਕਮਰਾ ਸ਼ਹੀਦ ਉਧਮ ਸਿੰਘ ਕਲੋਨੀ, ਇੰਡ:ਏਰੀਆ, ਫੇਸ-7, ਮੋਹਾਲੀ ਵਿਖੇ ਵੀ ਹੈ। ਮਿਤੀ 09-12-22 ਨੂੰ ਵਕਤ ਕਰੀਬ 10:00 ਪੀ ਐਮ ਦਾ ਹੋਵੇਗਾ ਮੈ ਸ਼ਹੀਦ ਉਧਮ ਸਿੰਘ ਕਲੋਨੀ ਇੰਡ:ਏਰੀਆ, ਫੇਸ-7, ਮੋਹਾਲੀ ਵਿਖੇ ਗਿਆ ਹੋਇਆ ਸੀ। ਤਾਂ ਉੱਥੇ ਮੈਨੂੰ ਉਕਤਾਨ ਦੋਸ਼ੀਆਨ ਦੋਸ਼ੀਆਨ ਮਿੱਲੇ। ਜੋ ਬਿਨ੍ਹਾ ਕਿਸੇ ਗੱਲ ਤੋ ਮੈਨੂੰ ਗਾਲ੍ਹਾ ਕੱਢਣ ਲੱਗ ਪਏ। ਜਦੋ ਮੈ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਕਤਾਨ ਦੋਸ਼ੀਆਨ ਨੇ ਮਿੱਲ ਕੇ ਮੇਰੀ ਤੇ ਉੱਥੇ ਖੜ੍ਹੇ ਸਿਕੰਦਰ ਰਾਏ ਪੁੱਤਰ ਸੁਲਿੰਦਰ ਰਾਏ ਤੇ ਸੰਤੋਸ਼ ਕੁਮਾਰ ਪੁੱਤਰ ਬਾਬੂ ਲਾਲ ਦੀ ਕੁੱਟਮਾਰ ਕਰਨ ਲੱਗ ਪਏ। ਜਦੋ ਅਸੀ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਜਾਨੋ ਮਾਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ ਤੇ ਜਾਂਦੇ ਹੋਏ ਉਹ ਮੇਰੇ ਮੋਟਰ ਸਾਈਕਲ ਨੰ:ਪੀ ਬੀ-65ਏਟੀ-7526 ਮਾਰਕਾ ਬੁਲੱਟ ਦੀ ਵੀ ਭੰਨ ਤੋੜ ਕਰ ਗਏ। ਅਸੀ ਜੇਰੇ ਇਲਾਜ ਸਿਵਲ ਹਸਪਤਾਲ ਫੇਸ-6, ਮੋਹਾਲੀ ਵਿਖੇ ਦਾਖਲ ਹਨ। ਬਾਅਦ ਵਿੱਚ ਮੈ ਉਕਤਾਨ ਦੋਸ਼ੀਆਨ ਦੇ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:135<br>ਮਿਤੀ:10-12-22<br>ਜੁਰਮ:379,427,<br>ਆਈ.ਪੀ.ਸੀ<br>ਥਾਣਾ ਮਟੌਰ | ਕੁੱਲ ਭੂਸ਼ਣ ਪੁੱਤਰ ਭਗਤ ਭੂਸ਼ਣ ਵਾਸੀ ਮਕਾਨ ਨੰ:512, ਫੇਸ-2, ਮੋਹਾਲੀ<br>ਥਾਣਾ 30 ਸਾਲ<br>98141-58173 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਐਸ ਸੀ ਐਫ ਨੰ:56, ਫੇਸ-7, ਮੋਹਾਲੀ ਵਿਖੇ ਟਿਕਟਾਂ ਅਤੇ ਕਰੰਸੀ ਦਾ ਕੰਮ ਕਰਦਾ ਹਾਂ। ਮੇਰਾ ਦਫਤਰ ਟੂਰ ਐਂਡ ਟਰੈਵਲਸ ਦੇ ਨਾਮ ਪਰ ਹੈ। ਮਿਤੀ 09-12-22 ਨੂੰ ਮੈ ਆਪਣੀ ਗੱਡੀ ਨੰ:ਪੀ ਬੀ-65ਏਐਨ-7555 ਮਾਰਕਾ ਐਕਸ ਯੂ ਵੀ 500 ਆਪਣੇ ਦਫਤਰ ਦੇ ਸਾਹਮਣੇ ਪਾਰਕਿੰਗ ਵਿੱਚ ਖੜ੍ਹੀ ਕਰਕੇ ਆਪਣੇ ਦਫਤਰ ਨੂੰ ਚੱਲਾ ਗਿਆ ਸੀ। ਜਦੋ ਮੈ ਵਾਪਸ ਆ ਕੇ ਦੇਖਿਆ ਤਾਂ ਕੋਈ ਨਾ-ਮਾਲੂਮ ਵਿਅਕਤੀ ਮੇਰੀ ਗੱਡੀ ਦਾ ਸ਼ੀਸ਼ਾ ਤੋੜ ਕੇ ਗੱਡੀ ਵਿੱਚੋ ਮੇਰਾ ਬੈਗ ਚੋਰੀ ਕਰਕੇ ਲੈ ਗਿਆ। ਜਿਸ ਵਿੱਚ 08 ਲੱਖ ਦੇ ਕਰੀਬ ਕੈਸ਼, ਗਾਹਕਾ ਦੇ ਸਾਈਨ ਕੀਤੇ ਚੈੱਕ, 2000 ਹਜਾਰ ਦੇ ਕਰੀਬ ਕੈਨੇਡੀਅਨ ਡਾਲਰ, 5000 ਹਜਾਰ ਦੇ ਕਰੀਬ ਦੁਬਈ ਦੀ ਕਰੰਸੀ ਤੇ ਕੰਪਨੀ ਦੇ ਨਾਮ ਹੋਰ ਮੇਰੇ ਸਾਈਨ ਕੀਤੇ ਹੋਏ ਚੈੱਕ ਸਨ। ਜਿਸ ਦੀ ਮੈ ਆਪਣੇ ਤੌਰ ਤੇ ਕਾਫੀ ਭਾਲ ਕੀਤੀ ਪਰ ਨਹੀ ਮਿਲਿਆ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:519<br>ਮਿਤੀ:10-12-22<br>ਜੁਰਮ:346,<br>ਆਈ.ਪੀ.ਸੀ<br>ਥਾਣਾ ਸੋਹਾਣਾਂ | ਬਲਦੇਵ ਸਿੰਘ ਸੋਢੀ ਪੁੱਤਰ ਮੀਹਾਂ ਸਿੰਘ ਵਾਸੀ ਮਕਾਨ ਨੰ: 07, ਜੱਜ ਕਲੋਨੀ, ਸੈਕ:77, ਮੋਹਾਲੀ<br>94177-15302 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਕਰੀਬ ਇਕ ਮਹੀਨਾ ਪਹਿਲਾ ਮੈ ਇਕ ਗਰੀਬ ਬੱਚੇ ਬ੍ਰਿਜੇਸ਼ ਉਰਫ ਕਰਨ ਉਰਫ ਛੋਟੂ ਜਿਸ ਦੀ ਉਮਰ ਕਰੀਬ 10/12 ਸਾਲ ਹੈ ਨੂੰ ਪਾਲਣ ਪੋਸ਼ਣ ਲਈ ਪਿੰਡ ਰਾਮਗੜ੍ਹ ਤੋ ਆਪਣੇ ਘਰ ਲਿਆਂਦਾ ਸੀ। ਤਾਂ ਮਿਤੀ 13-11-22 ਦੀ ਸ਼ਾਮ ਨੂੰ ਉਹ ਬਿਨ੍ਹਾ ਕੁਝ ਦੱਸੇ ਕਿੱਧਰੇ ਚੱਲਾ ਗਿਆ ਤੇ ਘਰ ਵਾਪਸ ਨਹੀ ਆਇਆ। ਜਿਸ ਦੀ ਮੈ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਪਰ ਉਹ ਨਹੀ ਮਿਲਿਆ। ਮੈਨੂੰ ਸ਼ੱਕ ਹੈ ਕਿਸੇ ਨਾ-ਮਾਲੂਮ ਵਿਅਕਤੀ ਨੇ ਉਸ ਨੂੰ ਵਰਗਲਾ ਕੇ ਆਪਣੇ ਕਬਜੇ ਵਿੱਚ ਰੱਖਿਆ ਹੋਇਆ ਹੈ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 4 | ਮੁਕੱਦਮਾ ਨੰ:133<br>ਮਿਤੀ:10-12-22<br>ਜੁਰਮ:61-1-14,<br>ਐਕਸਾਇਜ ਐਕਟ<br>ਥਾਣਾ ਫੇਸ-11 | ਸ:ਥ:ਜਸਵੀਰ ਸਿੰਘ<br>98765-00065 | 1) ਭੀਮ ਰਾਜ ਔਲੀ ਪੁੱਤਰ ਅਮਰ ਬਹਾਦਰ ਔਲੀ ਵਾਸੀ ਮਕਾਨ ਨੰ:21, ਪਿੰਡ ਬਟੇਲਾ, ਸੈਕ:41/ਬੀ, ਚੰਡੀਗੜ੍ਹ<br>2) ਅਬਦੁੱਲ ਹਈ ਪੁੱਤਰ ਅਬਦੁੱਲ ਕਈਉਮ ਵਾਸੀ ਵਾਰਡ ਨੰ:05, ਨੇੜੇ ਰਸ਼ੀਦੀਆ, ਲਕੜੀ ਪੜਾਉ, ਥਾਣਾ ਕੋਟਦੁਆਰਾ, ਜਿਲ੍ਹਾ ਪੂਰੀ ਗੜਵਾਲ, ਯੂ ਪੀ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪੈਟਰੋਲ ਪੰਪ, ਫੇਸ-11, ਮੋਹਾਲੀ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤਾਨ ਦੋਸ਼ੀਆਨ ਸ਼ਰਾਬ ਵੇਚਣ ਦੇ ਆਦੀ ਹਨ। ਜੋ ਚੰਡੀਗੜ੍ਹ ਤੋ ਸਸਤੀ ਸ਼ਰਾਬ ਲਿਆ ਕੇ ਪੰਜਾਬ ਵਿੱਚ ਮਹਿੰਗੇ ਭਾਅ ਵੇਚਦੇ ਹਨ। ਉਕਤਾਨ ਦੋਸ਼ੀਆਨ ਅੱਜ ਵੀ ਚੰਡੀਗੜ੍ਹ ਤੋ ਸ਼ਰਾਬ ਲੈ ਕੇ ਫੇਸ-11, ਮੋਹਾਲੀ ਵੱਲ ਨੂੰ ਆ ਰਹੇ ਹਨ। ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਉਕਤਾਨ ਦੋਸ਼ੀਆਨ ਨੂੰ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਨਾਕਾਬੰਦੀ ਕਰਕੇ ਉਕਤਾਨ ਦੋਸ਼ੀਆਨ ਨੂੰ ਮੌਕੇ ਤੇ ਕਾਬੂ ਕੀਤਾ ਗਿਆ। ਜਿਹਨਾਂ ਪਾਸੋ ਕੁੱਲ 60 ਬੋਤਲਾ ਸ਼ਰਾਬ ਮਾਰਕਾ ਟ੍ਰਿਪਲ ਨਾਇਨ ਸਟਾਰ ਫਾਇਨ ਵਿਸਕੀ ਫਾਰ ਸੇਲ ਇੰਨ ਚੰਡੀਗੜ੍ਹ ਬਰਾਮਦ ਹੋਈਆ। ਜਿਹਨਾਂ ਸਬੰਧੀ ਉਕਤਾਨ ਦੋਸ਼ੀਆਨ ਕੋਈ ਵੀ ਲਾਈਸੈਂਸ ਤੇ ਪਰਮਿਟ ਪੇਸ਼ ਨਹੀ ਕਰ ਸਕੇ। ਜਿਹਨਾਂ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |

| | | | | |
|---|---|---|---|---|
| 5 | ਮੁਕੱਦਮਾ ਨੰ:134<br>ਮਿਤੀ:10-12-22<br>ਜੁਰਮ:408,420,465,<br>467,468,471,<br>120ਬੀ, ਆਈ.ਪੀ.ਸੀ<br>ਥਾਣਾ ਫੇਸ-11 | ਤਰੁਣ ਸਦਾਨਾ ਪੁੱਤਰ ਜੀ ਐਲ ਸਦਾਨਾ ਵਾਸੀ ਮਕਾਨ ਨੰ:174, ਸੈਕ:18/ਏ, ਚੰਡੀਗੜ੍ਹ<br>ਉਮਰ 58 ਸਾਲ<br>98889-89333 | 1) ਪ੍ਰਭਜੋਤ ਖੋਸਲਾ ਪੁੱਤਰ ਦਵਿੰਦਰ ਸਿੰਘ ਵਾਸੀ ਮਕਾਨ ਨੰ: 1355, ਸੈਕ:21/ਡੀ, ਚੰਡੀਗੜ੍ਹ<br>2) ਅਕਾਸ਼ ਵਸ਼ਿਸ਼ਟ ਪੁੱਤਰ ਪਵਨ ਕੁਮਾਰ ਵਾਸੀ ਮਕਾਨ ਨੰ: 1402/06, ਫੇਸ-11, ਮੋਹਾਲੀ<br>3) ਰਵੀਸ਼ ਰੰਜਨ ਪੁੱਤਰ ਰਾਜੀਵ ਰੰਜਨ ਵਾਸੀ ਮਕਾਨ ਨੰ:ਐਮ- 198, ਸਾਊਥ ਸਿਟੀ, ਗੁੜਗਾਉਂ<br>4) ਸ਼ਾਲਨੀ ਸ਼ਰਮਾਂ ਪਤਨੀ ਅਮਨਦੀਪ ਸ਼ਰਮਾਂ ਵਾਸੀ ਮਕਾਨ ਨੰ:1141, ਫੇਸ-3ਬੀ2, ਮੋਹਾਲੀ<br>5) ਅਰਵਿੰਦ ਭਾਟੀਆ ਪੁੱਤਰ ਪਵਨ ਭਾਟੀਆ ਵਾਸੀ ਨਿਊ ਗੋਲਡਐਵਨਿਊ, ਅੰਮ੍ਰਿਤਸਰ<br>6) ਅਵੀਨਾਸ਼ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਪਿੰਡ ਮੰਡੋਫਲ ਰੋਡ, ਸਰਹਿੰਦ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 1831/ਪੇਸ਼ੀ/ਅਸ ਐਸ ਪੀ/ਐਸ ਏ ਐਸ ਨਗਰ ਮਿਤੀ 04-07-22 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਕੀਮੋਹਾ ਕੰਪਨੀ ਵਿੱਚ ਡਾਇਰੈਕਟਰ ਲੱਗਾ ਹੋਇਆ ਹਾਂ। ਸਾਡੀ ਇਹ ਕੰਪਨੀ ਬੈਸਟੈਕ ਬਿਜਨਸ ਟਾਵਰ, ਸੈਕ:66, ਮੋਹਾਲੀ ਵਿਖੇ ਹੈ। ਉਕਤਾਨ ਦੋਸ਼ੀਆਨ ਵੀ ਇਸੇ ਕੰਪਨੀ ਵਿੱਚ ਕੰਮ ਕਰਦੇ ਸਨ। ਬਾਅਦ ਵਿੱਚ ਉਕਤਾਨ ਦੋਸ਼ੀਆਨ ਨੇ ਬਿਨ੍ਹਾ ਦੱਸੇ ਕਿਸੇ ਹੋਰ ਕੰਪਨੀ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਸਾਡੀ ਕੰਪਨੀ ਦਾ ਸਾਰਾ ਡਾਟਾ ਆਪਸੀ ਮਿੱਲੀ ਭੁਗਤ ਕਰਕੇ ਉਸ ਕੰਪਨੀ ਨੂੰ ਦੇ ਦਿੱਤਾ ਤੇ ਕੰਪਨੀ ਦੀਆ ਹੋਰ ਕਈ ਸਿਕਰੇਟ ਫਾਇਲਾ ਚੋਰੀ ਕਰਕੇ ਲੈ ਗਏ। ਜਿਸ ਦੀ ਪੜਤਾਲ ਡੀ ਐਸ ਪੀ (ਸਿਟੀ-2) ਸਾਹਿਬ ਤੇ ਡੀ ਐਸ ਪੀ (ਸਪੈਸ਼ਲ ਬ੍ਰਾਂਚ ਅਤੇ ਕ੍ਰੀਮੀਨਲ ਇੰਨਟੈਲੀਜੈਂਸ) ਸਾਹਿਬ ਵੱਲੋ ਕੀਤੀ ਗਈ। ਫਿਰ ਡੀ ਡੀ ਏ ਲੀਗਲ ਦੀ ਰਾਇ ਹਾਸਲ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 6 | ਮੁਕੱਦਮਾ ਨੰ:356<br>ਮਿਤੀ:10-12-22<br>ਜੁਰਮ:379,<br>ਆਈ.ਪੀ.ਸੀ<br>ਥਾਣਾ ਸਿਟੀ ਖਰੜ | ਤਰੁਨਪ੍ਰੀਤ ਗਰਗ ਪੁੱਤਰ ਪ੍ਰੇਮ ਗਰਗ ਵਾਸੀ ਮਕਾਨ ਨੰ:225/ ਏ, ਕ੍ਰਿਸ਼ਨਾ ਇੰਨਕਲੇਵ, ਖਾਨਪੁਰ, ਥਾਣਾ ਸਿਟੀ ਖਰੜ<br>ਉਮਰ 21 ਸਾਲ<br>73551-77967 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 28-10-22 ਨੂੰ ਵਕਤ ਕਰੀਬ 08:00 ਪੀ ਐਮ ਦਾ ਹੋਵੇਗਾ ਮੈ ਆਪਣਾ ਮੋਟਰ ਸਾਈਕਲ ਨੰ:ਪੀ ਬੀ-34ਸੀ-3181 ਮਾਰਕਾ ਬੁਲੱਟ ਰੰਗ ਕਾਲਾ ਆਪਣੇ ਘਰ ਦੇ ਸਾਹਮਣੇ ਖੜ੍ਹਾ ਕੀਤਾ ਸੀ। ਜਦੋ ਵਕਤ 09:00 ਪੀ ਐਮ ਪਰ ਮੈ ਬਾਹਰ ਆ ਕੇ ਦੇਖਿਆ ਤਾਂ ਮੇਰਾ ਮੋਟਰ ਸਾਈਕਲ ਆਪਣੀ ਜਗ੍ਹਾ ਪਰ ਨਹੀ ਸੀ। ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਪਰ ਨਹੀ ਮਿਲਿਆ। ਹੁਣ ਮੈਨੂੰ ਪਤਾ ਲੱਗਾ ਕਿ ਹਰਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ ਹਾਲ ਵਾਸੀ ਮਕਾਨ ਨੰ:1169, ਫਸਟ ਫਲੌਰ, ਟੀ ਡੀ ਆਈ ਸਿਟੀ, ਸੈਕ:110, ਲਾਂਡਰਾ ਮੋਹਾਲੀ ਦੇ ਮੋਟਰ ਸਾਈਕਲ ਨੰ:ਪੀ ਬੀ-04ਡਬਲਯੂ-4867 ਮਾਰਕਾ ਐਚ ਐਫ ਡੀਲਕਸ, ਰੰਗ ਨੀਲਾ ਕਾਲਾ ਨੂੰ ਵੀ ਕੋਈ ਨਾ-ਮਾਲੂਮ ਵਿਅਕਤੀ ਬੱਸ ਸਟੈਂਡ ਖਰੜ ਕੋਲੋ ਚੋਰੀ ਕਰਕੇ ਲੈ ਗਿਆ ਹੈ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ:246<br>ਮਿਤੀ:10-12-22<br>ਜੁਰਮ:498ਏ,<br>ਆਈ.ਪੀ.ਸੀ<br>ਥਾਣਾ ਸਦਰ ਖਰੜ | ਜਗੀਰ ਸਿੰਘ ਪੁੱਤਰ ਨਿੱਕਾ ਸਿੰਘ ਵਾਸੀ ਪਿੰਡ ਘੜੂੰਆ, ਥਾਣਾ ਘੜੂੰਆ<br>ਉਮਰ 29 ਸਾਲ<br>98725-21603 | ਰਕਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਸਿਸਵਾਂ ਰੋਡ, ਨੇੜੇ ਸਾਈ ਮੰਦਿਰ, ਕੁਰਾਲੀ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 3285/ਪੇਸ਼ੀ/ਅਸ ਐਸ ਪੀ/ਐਸ ਏ ਐਸ ਨਗਰ ਮਿਤੀ 10-10-22 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰੀ ਪੋਤੀ ਮਨਪ੍ਰੀਤ ਕੌਰ ਪੁੱਤਰੀ ਹਰਮਿੰਦਰ ਸਿੰਘ ਦਾ ਵਿਆਹ ਮਿਤੀ 10-03-19 ਨੂੰ ਉਕਤ ਦੋਸ਼ੀ ਰਕਿੰਦਰ ਸਿੰਘ ਨਾਲ ਹੋਇਆ ਸੀ। ਵਿਆਹ ਤੋ ਕੁਝ ਸਮੇ ਬਾਅਦ ਹੀ ਉਕਤ ਦੋਸ਼ੀ ਉਸਨੂੰ ਦਾਜ ਦਹਜ ਲਈ ਤੰਗ ਪ੍ਰੇਸਾਨ ਕਰਨ ਲੱਗ ਪਿਆ ਸੀ ਤੇ ਉਸਦੀ ਕੁੱਟਮਾਰ ਵੀ ਕਰਦਾ ਸੀ। ਜਿਸ ਦੀ ਪੜਤਾਲ ਡੀ ਐਸ ਪੀ (ਖਰੜ-1) ਸਾਹਿਬ ਵੱਲੋ ਕੀਤੀ ਗਏ। ਬਾਅਦ ਵਿੱਚ ਪੜਤਾਲੀਆ ਰਿਪੋਰਟ ਐਸ ਪੀ (ਦਿਹਾਤੀ) ਸਾਹਿਬ ਕੋਲ ਭੇਜੀ ਗਈ। ਫਿਰ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁੱਕਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 8 | ਮੁਕੱਦਮਾ ਨੰ:247<br>ਮਿਤੀ:10-12-22<br>ਜੁਰਮ:406,498ਏ,<br>506,ਆਈ.ਪੀ.ਸੀ<br>ਥਾਣਾ ਸਦਰ ਖਰੜ | ਰਸ਼ਮੀ ਸ਼ਰਮਾ ਪੁੱਤਰ ਕਾਰਤਿਕ ਸ਼ਰਮਾ ਵਾਸੀ ਮਕਾਨ ਨੰ:3236/1, ਸੈਕ:47/ਡੀ, ਚੰਡੀਗੜ੍ਹ<br>ਉਮਰ 30 ਸਾਲ<br>98766-34258 | 1) ਕਾਰਤਿਕ ਸ਼ਰਮਾਂ ਪੁੱਤਰ ਵਿਨੋਦ ਸ਼ਰਮਾਂ<br>2) ਵਿਨੋਦ ਸ਼ਰਮਾਂ ਪੁੱਤਰ ਰਾਮ ਪ੍ਰਕਾਸ਼<br>3) ਨੀਲਮ ਸ਼ਰਮਾਂ ਪਤਨੀ ਵਿਨਦ ਸ਼ਰਮਾਂ ਵਾਸੀਆਨ ਮਕਾਨ ਨੰ:1142/ਸੀ, ਜੇ ਟੀ ਪੀ ਐਲ ਸਿਟੀ, ਸੰਤੇ ਮਾਜਰਾ, ਸੈਕ: 115, ਖਰੜ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 1651/ਐਸ ਡੀ ਐਮ, ਖਰੜ ਮਿਤੀ 10-10-22 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 27-11-21 ਨ ਮੇਰਾ ਵਿਆਹ ਉਕਤ ਦੋਸ਼ੀ ਕਾਰਤਿਕ ਸ਼ਰਮਾਂ ਨਾਲ ਹੋਇਆ ਸੀ। ਵਿਆਹ ਤੋ ਕੁਝ ਸਮੇ ਬਾਅਦ ਹੀ ਉਕਤਾਨ ਦੋਸ਼ੀਆਨ ਮੈਨੂੰ ਦਾਜ ਦਹੇਜ ਲਈ ਤੰਗ ਪ੍ਰੇਸਾਨ ਕਰਨ ਲੱਗ ਪਏ ਸਨ ਤੇ ਮੇਰੀ ਕੁੱਟਮਾਰ ਵੀ ਕਰਦੇ ਸਨ ਤੇ ਮੈਨੂੰ ਜਾਨੋ ਮਾਰਨ ਦੀਆ ਧਮਕੀਆ ਵੀ ਦਿੰਦੇ ਸਨ। ਜਿਸ ਦੀ ਪੜਤਾਲ ਡੀ ਐਸ ਪੀ (ਖਰੜ-1) ਸਾਹਿਬ ਵੱਲੋ ਕੀਤੀ ਗਏ। ਬਾਅਦ ਵਿੱਚ ਪੜਤਾਲੀਆ ਰਿਪੋਰਟ ਐਸ ਪੀ (ਦਿਹਾਤੀ) ਸਾਹਿਬ ਕੋਲ ਭੇਜੀ ਗਈ। ਫਿਰ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁੱਕਦਮਾ ਦਰਜ ਕਰਨ ਦਾ ਹੁਕਮ ਦਿੱਤਾ। |

| | | | | |
|---|---|---|---|---|
| 9 | ਮੁਕੱਦਮਾ ਨੰ:248<br>ਮਿਤੀ:10-12-22<br>ਜੁਰਮ:379,<br>ਆਈ.ਪੀ.ਸੀ<br>ਥਾਣਾ ਸਦਰ ਖਰੜ | ਸ:ਥ:ਕਰਮਬੀਰ ਸਿੰਘ<br>88476-19136 | 1) ਪ੍ਰੀਤ ਸਿੰਘ ਉਰਫ ਬੰਟੀ ਪੁੱਤਰ ਜਿੰਦਰ ਸਿੰਘ ਵਾਸੀ ਪਿੰਡ ਸੰਤੇ ਮਾਜਰਾ, ਖਰੜ<br>2) ਬਲਪ੍ਰੀਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਪਿੰਡ ਰਸਨਹੇੜੀ ਖੁਰਦ, ਥਾਣਾ ਸਦਰ ਖਰੜ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪਿੰਡ ਸੰਤੇ ਮਾਜਰਾ, ਖਰੜ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤਾਨ ਦੋਸ਼ੀਆਨ ਮੋਟਰ ਸਾਈਕਲ ਚੋਰੀ ਕਰਨ ਦੇ ਆਦੀ ਹਨ। ਜੋ ਅੱਜ ਚੋਰੀ ਦੇ ਮੋਟਰ ਸਾਈਕਲ ਨੰ:ਸੀ ਐਚ-01ਏਡੀ-9907 ਮਾਰਕਾ ਸਪਲੈਂਡਰ ਪਰ ਸਵਾਰ ਹੋ ਕੇ ਲਾਂਡਰਾ ਸਾਈਡ ਤੋ ਖਰੜ ਵੱਲ ਨੂੰ ਆ ਰਹੇ ਹਨ। ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਉਕਤਾਨ ਦੋਸ਼ੀਆਨ ਨੂੰ ਸਮੇਤ ਚੋਰੀ ਦੇ ਮੋਟਰ ਸਾਈਕਲ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਨਾਕਾਬੰਦੀ ਕਰਕੇ ਉਕਤਾਨ ਦੋਸ਼ੀਆਨ ਨੂੰ ਮੌਕੇ ਤੇ ਚੋਰੀ ਦੇ ਮੋਟਰ ਸਾਈਕਲ ਸਮੇਤ ਕਾਬੂ ਕੀਤਾ ਗਿਆ। |
| 10 | ਮੁਕੱਦਮਾ ਨੰ:150<br>ਮਿਤੀ:10-12-22<br>ਜੁਰਮ:279,304ਏ,<br>337,427,<br>ਆਈ.ਪੀ.ਸੀ<br>ਥਾਣਾ ਬਲੌਂਗੀ | ਅਭੈ ਸ਼ੰਕਰ ਔਜਾ ਪੁੱਤਰ ਬੰਸ ਨਰਾਇਣ ਔਜਾ ਵਾਸੀ ਮਕਾਨ ਨੰ:218/ਏ-03, ਛੱਜੂ ਮਾਜਰਾ, ਖਰੜ<br>ਉਮਰ 34 ਸਾਲ<br>96536-87090 | ਨਾ-ਮਾਲੂਮ ਡਰਾਈਵਰ ਤੇ ਗੱਡੀ ਨੰ:ਡੀ ਐਲ-08ਐਕਸ-2210 ਮਾਰਕਾ ਇਨੋਵਾ ਰੰਗ ਗ੍ਰੇ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਪਾਵਰ ਐਸੋਸੀਏਟ ਕੰਪਨੀ ਪਲਾਟ ਨੰ:252, ਇੰਡ:ਏਰੀਆ, ਫੇਸ-8ਬੀ, ਮੋਹਾਲੀ ਵਿਖੇ ਇਲੈਕਟ੍ਰੀਸ਼ਨ ਦਾ ਕੰਮ ਕਰਦਾ ਹਾਂ। ਮੇਰੇ ਨਾਲ ਹੀ ਅਰੁਣ ਪੁੱਤਰ ਦੀਨਾ ਮਾਝੀ ਵਾਸੀ ਪਿੰਡ ਸਰਹਾਰੀ, ਥਾਣਾ ਭਗਵਾਨਪੁਰ, ਜਿਲ੍ਹਾ ਸ਼ਿਵਾਨ, ਬਿਹਾਰ ਕੰਮ ਕਰਦਾ ਸੀ। ਕੱਲ ਮਿਤੀ 09-12-22 ਨੂੰ ਵਕਤ ਕਰੀਬ 08:05 ਪੀ ਐਮ ਦਾ ਹੋਵੇਗਾ ਮੈ ਆਪਣੀ ਕਾਰ ਵਿੱਚ ਸਵਾਰ ਹੋ ਕੇ ਮੋਹਾਲੀ ਤੋ ਖਰੜ ਸਾਈਡ ਨੂੰ ਜਾ ਰਿਹਾ ਸੀ। ਮੇਰੇ ਤੋ ਅੱਗੇ ਅਰੁਣ ਮੇਰੇ ਮੋਟਰ ਸਾਈਕਲ ਨੰ:ਪੀ ਬੀ-65ਏਜੀ-2196 ਮਾਰਕਾ ਹੋਂਡਾ ਲੀਵੋ ਪਰ ਸਵਾਰ ਹੋ ਕੇ ਜਾ ਰਿਹਾ ਸੀ ਤੇ ਉਸ ਤੋ ਅੱਗੇ ਹਰਪ੍ਰੀਤ ਸਿੰਘ ਆਪਣੇ ਮੋਟਰ ਸਾਈਕਲ ਨੰ:ਯੂ ਪੀ-32ਐਚਕਿਊ-1815 ਮਾਰਕਾ ਬੁਲੱਟ ਪਰ ਸਵਾਰ ਹੋ ਕੇ ਜਾ ਰਿਹਾ ਸੀ। ਜਦੋ ਅਸੀ ਨੇੜੇ ਸ਼ਰਾਬ ਠੇਕਾ, ਏਅਰ ਪੋਰਟ ਰੋਡ, ਟੀ ਡੀ ਆਈ ਸਿਟੀ, ਮੋਹਾਲੀ ਕੋਲ ਪੁੱਜੇ ਤਾਂ ਪਿੱਛੋ ਉਕਤ ਨੰਬਰੀ ਗੱਡੀ ਆਈ। ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਗੱਡੀ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਪਿੱਛੋ ਅਰੁਣ ਤੇ ਹਰਪ੍ਰੀਤ ਸਿੰਘ ਦੇ ਮੋਟਰ ਸਾਈਕਲ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਅਰੁਣ ਤੇ ਹਰਪ੍ਰੀਤ ਸਿੰਘ ਦੇ ਕਾਫੀ ਸੱਟਾਂ ਲੱਗੀਆ। ਜਿਹਨਾਂ ਨੂੰ ਮੈ ਇਲਾਜ ਲਈ ਸਿਵਲ ਹਸਪਤਾਲ ਫੇਸ-6, ਮੋਹਾਲੀ ਵਿਖੇ ਦਾਖਲ ਕਰਵਾਇਆ। ਜਿੱਥੇ ਅਰੁਣ ਦੀ ਦੌਰਾਨੇ ਇਲਾਜ ਮਤ ਹੋ ਗਈ ਤੇ ਹਰਪ੍ਰੀਤ ਸਿੰਘ ਉੱਥੇ ਜੇਰੇ ਇਲਾਜ ਹੈ। ਬਾਅਦ ਵਿੱਚ ਮੈ ਉਕਤ ਨੰਬਰੀ ਗੱਡੀ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 11 | ਮੁਕੱਦਮਾ ਨੰ:486<br>ਮਿਤੀ:10-12-22<br>ਜੁਰਮ:380,389,420,<br>120ਬੀ,ਆਈ.ਪੀ.ਸੀ<br>ਥਾਣਾ ਜੀਰਕਪੁਰ | ਕੇਸ਼ਵ ਬਾਂਸਲ ਪੁੱਤਰ ਸ਼੍ਰੀ ਪੁਨੀਤ ਕੁਮਾਰ ਵਾਸੋ ਮਕਾਨ ਨੰ:ਐਚ-01, 901, ਮਾਇਆ ਗਾਰਡਨ ਸਿਟੀ, ਜੀਰਕਪੁਰ<br>ਉਮਰ 25 ਸਾਲ | 1) ਕਰਿਸ਼ਮਾ ਗੋਇਲ ਪੁੱਤਰੀ ਰਵੀ ਗੋਇਲ<br>2) ਰਵੀ ਕੁਮਾਰ ਗੋਇਲ ਪੁੱਤਰ ਵਿਨੋਦ ਕੁਮਾਰ ਗੋਇਲ<br>3) ਨੀਤਾ ਪਤਨੀ ਰਵੀ ਕੁਮਾਰ ਗੋਇਲ ਵਾਸੀਆਨ ਮਕਾਨ ਨੰ:16/337-338, ਜੋਸ਼ੀ ਰੋਡ, ਕਰੋਲ ਬਾਗ, ਦਿੱਲੀ-05, | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 10507/ਐਸ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 31-12-21 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਵਿਆਹ ਉਕਤ ਦੋਸ਼ਣ ਕਰਿਸ਼ਮਾ ਗੋਇਲ ਨਾਲ ਮਿਤੀ 02-07-21 ਨੂੰ ਹੋਇਆ ਸੀ। ਜੋ ਵਿਆਹ ਤੋ ਬਾਅਦ ਬਹਾਨੇ ਬਣਾ ਕੇ ਮੈਨੂੰ ਸ਼ਰੀਰਕ ਸਬੰਧ ਬਣਾਉਂਣ ਤੋ ਰੋਕਦੀ ਰਹੀ। ਬਾਅਦ ਵਿੱਚ ਉਹ ਆਪਣੇ ਮਾਤਾ ਪਿਤਾ ਉਕਤਾਨ ਦੋਸ਼ੀਆਨ ਨਾਲ ਮਿਲੀ ਭੁਗਤ ਕਰਕੇ ਸਾਨੂੰ ਬਿਨ੍ਹਾ ਦੱਸੇ ਸੋਨੇ ਦੇ ਗਹਿਣੇ ਤੇ ਕਾਫੀ ਪੈਸੇ ਲੈ ਕੇ ਦਿੱਲੀ ਚੱਲੇ ਗਈ ਤੇ ਵਾਪਸ ਨਹੀ ਆਈ। ਇਸ ਤਰ੍ਹਾ ਉਕਤਾਨ ਦੋਸ਼ੀਆਨ ਨੇ ਰੱਲ ਕੇ ਸਾਡੇ ਨਾਲ ਧੋਖਾ ਧੜ੍ਹੀ ਕੀਤੀ ਹੈ। ਹੁਣ ਪੜਤਾਲ ਪੂਰੀ ਹੋਣ ਤੋ ਬਾਅਦ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 12 | ਮੁਕੱਦਮਾ ਨੰ:387<br>ਮਿਤੀ:10-12-22<br>ਜੁਰਮ:20-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ ਡੇਰਾਬੱਸੀ | ਐਸ ਆਈ:ਨਰਿੰਦਰ ਕੁਮਾਰ<br>80546-01101 | 1) ਅਸ਼ੋਕ ਕੁਮਾਰ ਪੁੱਤਰ ਸੋਮਪਾਲ ਵਾਸੀ ਪਿੰਡ ਭਰੇਲੀ ਟਾਊਨ, ਬਰਵਾਲਾ, ਜਿਲ੍ਹਾ ਪੰਚਕੂਲਾਂ, ਹਰਿਆਣਾ<br>2) ਦੀਪਕ ਰਾਮ ਪੁੱਤਰ ਅਜੈ<br>3) ਸਰਵਣ ਸਿੰਘ ਪੁੱਤਰ ਸਾਉਦੀ ਰਾਮ ਹਾਲ ਵਾਸੀਆਨ ਪਿੰਡ ਹਰੀਪੁਰ ਹਿੰਦੂਆ, ਥਾਣਾ ਡੇਰਾਬੱਸੀ | ਅੱਜ ਮਨ ਐਸ ਆਈ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਏ ਐਲ ਐਮ ਮੀਟ ਪਲਾਂਟ ਗੁਲਾਬਗੜ੍ਹ ਰੋਡ, ਡੇਰਾਬੱਸੀ ਵਿਖੇ ਮੌਜੂਦ ਸੀ। ਤਾਂ ਉਕਤਾਨ ਦੋਸ਼ੀਆਨ ਸਾਹਮਣੇ ਤੋ ਪੈਦਲ ਆਉਂਦੇ ਦਿਖਾਈ ਦਿੱਤੇ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਤੇ ਪਿੱਛੇ ਮੁੜਨ ਲੱਗੇ ਜਿਹਨਾਂ ਨੂੰ ਮਨ ਐਸ ਆਈ: ਨੇ ਪੁਲਿਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ। ਜਿਹਨਾਂ ਦੀ ਸ਼ੱਕ ਦੀ ਬਿਨਾਹ ਤੇ ਤਲਾਸ਼ੀ ਲਈ ਗਈ। ਜਿਹਨਾਂ ਪਾਸੋ ਕੁੱਲ 18 ਗ੍ਰਾਮ ਗਾਂਜਾ ਬਰਾਮਦ ਹੋਈਆ। ਜਿਹਨਾਂ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |

| | | | | |
|---|---|---|---|---|
| 13 | ਮੁਕੱਦਮਾ ਨੰ:388<br>ਮਿਤੀ:10-12-22<br>ਜੁਰਮ:15-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ ਡੇਰਾਬੱਸੀ | ਸ:ਥ:ਗੌਰਵ ਸ਼ਰਮਾਂ<br>97805-56634 | 1) ਲਵਪ੍ਰੀਤ ਬਾਵਾ ਪੁੱਤਰ ਪ੍ਰਵੀਨ ਕੁਮਾਰ ਵਾਸੀ ਪਿੰਡ ਚਮੁੰਡਾ ਦੇਵੀ, ਥਾਣਾ ਕੱਥੂ ਨੰਗਲ, ਜਿਲ੍ਹਾ ਅੰਮ੍ਰਿਤਸਰ<br>2) ਮੋਹਿਤ ਪੁੱਤਰ ਦੀਨਾ ਨਾਥ ਸੈਣੀ ਵਾਸੀ ਪਿੰਡ ਸੂਰਜਪੁਰ, ਥਾਣਾ ਪਾਉਂਟਾ ਸਾਹਿਬ, ਜਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਬੱਸ ਸਟੈਂਡ ਡੇਰਾਬੱਸੀ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤਾਨ ਦੋਸ਼ੀਆਨ ਭੁੱਕੀ ਚੂਰਾ ਪੋਸਤ ਵੇਚਣ ਦੇ ਆਦੀ ਹਨ। ਜੋ ਹਰਿਆਣਾ ਸਾਈਡ ਤੋ ਭੁੱਕੀ ਚੂਰਾ ਪੋਸਤ ਲਿਆ ਕੇ ਡੇਰਾਬੱਸੀ ਏਰੀਏ ਵਿੱਚ ਵੇਚਦੇ ਹਨ। ਉਕਤਾਨ ਦੋਸ਼ੀਆਨ ਅੱਜ ਵੀ ਆਪਣੇ ਮੋਟਰ ਸਾਈਕਲ ਨੰ:ਪੀ ਬੀ-02ਈਐਫ-6716 ਮਾਰਕਾ ਸਪਲੈਂਡਰ ਪਲੱਸ ਰੰਗ ਕਾਲਾ ਤੇ ਸਵਾਰ ਹੋ ਕੇ ਭੁੱਕੀ ਚੂਰਾ ਪੋਸਤ ਵੇਚਣ ਲਈ ਅੰਬਾਲਾ ਸਾਈਡ ਤੋ ਡੇਰਾਬੱਸੀ ਵੱਲ ਨੂੰ ਆ ਰਹੇ ਹਨ। ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਉਕਤਾਨ ਦੋਸ਼ੀਆਨ ਨੂੰ ਸਮੇਤ ਭੁੱਕੀ ਚੂਰਾ ਪੋਸਤ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਨਾਕਾਬੰਦੀ ਕਰਕੇ ਉਕਤਾਨ ਦੋਸ਼ੀਆਨ ਨੂੰ ਮੌਕੇ ਤੇ ਕਾਬੂ ਕੀਤਾ ਗਿਆ। ਜਿਹਨਾਂ ਪਾਸੋ 10 ਕਿੱਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਬਾਅਦ ਵਿੱਚ ਉਕਤਾਨ ਦੋਸ਼ੀਆਨ ਨੂੰ ਸ:ਥ:ਕੁਲਦੀਪ ਸਿੰਘ ਦੇ ਹਵਾਲੇ ਕੀਤਾ ਗਿਆ ਤੇ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |